7 ਦਫਤਰ ਨਗਰ ਕੌਂਸਲ ਖਰੜ
ਡਾਇਰੀ ਨੰ: 1300
ਮਿਤੀ 18/7/18

43. ਆਰ.ਟੀ.ਐਸ. ਐਕਟ 2011:-

ਇਸ ਮੱਦ ਸਬੰਧੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਜਿਸਟਰ ਲੱਗਾ ਹੋਇਆ ਹੈ। ਪੰਨਿਆਂ ਸਬੰਧੀ ਤਸਦੀਕੀ ਸਰਟੀਫਿਕੇਟ ਦਿੱਤਾ ਹੋਇਆ ਹੈ। ਇਸ ਐਕਟ ਅਧੀਨ ਇਸ ਦਫਤਰ ਵਲੋਂ 17 ਸੇਵਾਵਾਂ ਆਮ ਜਨਤਾ ਨੂੰ ਦਿੱਤੀਆਂ ਜਾਂਦੀਆਂ ਹਨ। ਸਬੰਧਤ ਕਰਮਚਾਰੀ ਵਲੋਂ ਦੱਸਿਆ ਗਿਆ ਕਿ ਇਨ੍ਹਾਂ ਸੇਵਾਵਾਂ ਤਹਿਤ ਮਿਤੀ 01-4-17 ਤੋਂ 31-12-17 ਤੱਕ ਕੁੱਲ 20806 ਦਰਖਾਸਤਾਂ ਪ੍ਰਾਪਤ ਹੋਈਆਂ ਹਨ, ਇਨ੍ਹਾਂ ਸਾਰੀਆਂ ਦਰਖਾਸਤਾਂ ਦਾ ਨਿਪਟਾਰਾ ਹੋ ਚੁੱਕਾ ਹੈ। ਹਦਾਇਤ ਕੀਤੀ ਗਈ ਕਿ ਇਸ ਮੱਦ ਅਧੀਨ ਆਉਦੀਆਂ ਸੇਵਾਵਾਂ ਸਬੰਧੀ ਵੱਖਰਾ ਬੋਰਡ ਲਗਾਇਆ ਜਾਵੇ।

ਜਨਰਲ :-

1. ਸਥਾਨਕ ਲੇਖਾ ਫੰਡ ਪੰਜਾਬ ਚੰਡੀਗੜ੍ਹ ਜੀ ਦੇ ਆਡਿਟ ਸਮਾਂ 4/13 ਤੋਂ 3/14 ਦੇ ਅਨੁਸਾਰ 865 ਪ੍ਰੈਰੇ ਨਿਪਟਾਰਾ ਕਰਨ ਲਈ ਬਾਕੀ ਹਨ। ਜਿਹਨਾਂ ਵਿਚੋਂ 10 ਸਾਲਾਂ ਤੋਂ ਵੱਧ ਪੁਰਾਣੇ ਪੈਰੇ 677 ਹਨ, 5 ਸਾਲ ਤੋਂ ਉੱਪਰ ਅਤੇ 10 ਸਾਲ ਤੋਂ ਘੱਟ 25 ਅਤੇ 5 ਸਾਲ ਤੋਂ ਘੱਟ 163 ਪੈਰੇ ਨਿਪਟਾਰੇ ਲਈ ਲੰਬਿਤ ਹਨ। ਇਹਨਾਂ ਦੇ ਨਿਪਟਾਰੇ ਲਈ ਉਚੇਚਾ ਧਿਆਨ ਦੇਣ ਦੀ ਲੋੜ ਹੈ।
2. 132 ਕੋਰਟ ਕੇਸ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਹਨ। ਇਨ੍ਹਾਂ ਕੇਸਾਂ ਦੀ ਪੈਰਵੀ ਲਈ ਇੱਕ ਕਲਰਕ ਦੀ ਡਿਊਟੀ ਲੱਗੀ ਹੋਈ ਹੈ ਅਤੇ ਦੋ ਲੀਗਲ ਐਡਵਾਈਜਰ (ਵਕੀਲ) ਕੌਂਸਲ ਵਲੋਂ ਨਾਮਜਦ ਕੀਤੇ ਹੋਏ ਹਨ, ਜੋ ਕਿ ਇਨ੍ਹਾਂ ਕੇਸਾਂ ਦੀ ਸਮੇਂ-ਸਮੇਂ ਸਿਰ ਪੈਰਵੀ ਕਰਦੇ ਹਨ।
3. ਹਾਊਸ ਟੈਕਸ ਦੀ ਵਸੂਲੀ ਮਿਤੀ 31-3-2013 ਤੋਂ ਬੰਦ ਹੋ ਗਈ ਹੈ, ਪ੍ਰੰਤੂ ਪਿਛਲਾ ਬਕਾਇਆ 2,70,00,000/- ਬਕਾਇਆ ਖੜ੍ਹਾ ਹੈ, ਜਿਸ ਵਿਚੋਂ ਮਿਤੀ 28-2-2017 ਤੱਕ 1,60,000/- ਰੁਪਏ ਦੀ ਰਿਕਵਰੀ ਹੋਈ ਹੈ। ਇਸ ਵਸੂਲੀ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦੇਣ ਦੀ ਲੋੜ ਹੈ।

(ਡਾ : ਪਾਲਿਕਾ ਅਰੋੜਾ), ਪੀ.ਸੀ.ਐਸ.,
ਸਹਾਇਕ ਕਮਿਸ਼ਨਰ (ਸ਼ਿਕਾਇਤਾਂ),
ਐਸ.ਏ.ਐਸ.ਨਗਰ।

ਪੱਤਰ ਨੰ 1910/ਪੰਜੀ-1
ਮਿਤੀ 16/07/2018
ਕਾਰਜ ਸਾਧਕ ਅਫਸਰ
ਨਗਰ ਕੌਂਸਲ, ਖਰੜ

Acctt/ ਸਾਰੀਆਂ ਬ੍ਰਾਂਚਾਂ ਨੂੰ ਵਿਚਾਰ ਕਾਰਵਾਈ ਹਿਤ ਭੇਜੋ। 18.7.18.

20/7/18

ਪੜਤਾਲ ਨੋਟ ਨਗਰ ਕੌਂਸਲ ਖਰੜ ਵਲੋਂ ਡਾ : ਪਾਲਿਕਾ ਅਰੋੜਾ, ਪੀ.ਸੀ.ਐਸ., ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਖਰੜ

ਪੜਤਾਲ ਦਾ ਸਮਾਂ 1-4-2017 ਤੋਂ 31-3-2018 ਤੱਕ ਮਿਤੀ 18-4-2018

**1. ਸਟਾਫ਼ :-**

ਨਗਰ ਕੌਂਸਲ ਖਰੜ ਵਿਖੇ ਇਸ ਸਮੇਂ ਹੇਠ ਲਿਖੇ ਅਨੁਸਾਰ ਅਮਲਾ ਕੰਮ ਕਰ ਰਿਹਾ ਹੈ :-

| ਲੜੀ ਨੰ: | ਅਧਿਕਾਰੀ/ਕਰਮਚਾਰੀ ਦਾ ਨਾਂ | ਅੱਹੁਦਾ | ਸਮਾਂ |
|---|---|---|---|
| 1 | ਸ਼੍ਰੀ ਹਰਜੀਤ ਸਿੰਘ | ਕਾਰਜ ਸਾਧਕ ਅਫਸਰ | ਮਿਤੀ 17-11-2016 ਤੋ 5-6-2017 ਤੱਕ |
| 2 | ਸ਼੍ਰੀ ਕੁਲਭੂਸਨ ਗੋਇਲ | ਕਾਰਜ ਸਾਧਕ ਅਫਸਰ | ਮਿਤੀ 9-1-2017 ਤੋਂ 5-6-2017 ਤੱਕ |
| 3 | ਸ਼੍ਰੀ ਸੰਦੀਪ ਤਿਵਾੜੀ | ਕਾਰਜ ਸਾਧਕ ਅਫਸਰ | ਮਿਤੀ 5-6-2017 ਤੋਂ ਹੁਣ ਤੱਕ |
| 4 | ਸ਼੍ਰੀ ਵਿਨੈ ਮਹਾਜਨ | ਮਿਉਂਸਪਲ ਇੰਜੀਨੀਅਰ | ਮਿਤੀ 18-5-2017 ਤੋਂ ਹੁਣ ਤੱਕ |
| 5 | ਸ਼੍ਰੀ ਗੁਰਮੀਤ ਸਿੰਘ | ਸੁਪਰਡੰਟ | ਮਿਤੀ 15-2-2017 ਤੋਂ ਹੁਣ ਤੱਕ |
| 6 | ਸ਼੍ਰੀ ਬਲਦੇਵ ਰਾਜ ਵਰਮਾ | ਮਿਉਂਸਪਲ ਇੰਜੀਨੀਅਰ | ਮਿਤੀ 27-12-2016 ਤੋਂ 10-7-2017 ਤੱਕ |
| 7 | ਸ਼੍ਰੀ ਰਾਜਬੀਰ ਸਿੰਘ | ਏ.ਐਮ.ਈ. | ਮਿਤੀ 10-1-2017 ਤੋਂ ਹੁਣ ਤੱਕ |
| 8 | ਸ਼੍ਰੀ ਵਿਕਾਸ ਗੁਪਤਾ | ਲੇਖਾਕਾਰ | ਮਿਤੀ 1-12-2017 ਤੋਂ ਹੁਣ ਤੱਕ |
| 9 | ਸ਼੍ਰੀ ਰਾਜੇਸ ਕੁਮਾਰ | ਜੇ.ਈ. | ਮਿਤੀ 4-7-2017 ਤੋਂ ਹੁਣ ਤੱਕ |
| 10 | ਸ੍ਰੀ ਜੰਗਬਹਾਦਰ ਸਿੰਘ | ਜੇ.ਈ.( ਬਿਜਲੀ) | ਮਿਤੀ9-6-2017 |
| 11 | ਸ੍ਰੀ ਮੋਹਣਪਾਲ ਸਿੰਘ | ਜੇ.ਈ. | ਮਿਤੀ 28-6-2017 ਤੋਂ 15-2-2018 ਤੱਕ |
| 12 | ਸ੍ਰੀ ਜਸਵਿੰਦਰ ਸਿੰਘ | ਡਰਾਫਟਸਮੈਨ | ਮਿਤੀ 28-11-2014 ਤੋਂ ਹੁਣ ਤੱਕ |
| 13 | ਸ਼੍ਰੀ ਰਜੇਸ਼ ਕੁਮਾਰ | ਚੀਫ ਸੈਨਟਰੀ ਇੰਸਪੈਕਟ | ਮਿਤੀ 19-3-2012 ਤੋਂ ਹੁਣ ਤੱਕ |
| 14 | ਸ਼੍ਰੀ ਹਰਦਰਸ਼ਨਜੀਤ ਸਿੰਘ | ਸੈਨਟਰੀ ਇੰਸਪੈਕਟਰ | ਮਿਤੀ 2-8-12 ਤੋਂ 3-1-2017 ਤੱਕ |
| 15 | ਸ਼੍ਰੀ ਦਲਜੀਤ ਸਿੰਘ | ਸੈਨਟਰੀ ਇੰਸਪੈਕਟਰ | ਮਿਤੀ: 21-2-14 ਤੋਂ 10-7-2017 ਹੁਣ ਤੱਕ |
| 16 | ਸ਼੍ਰੀਮਤੀ ਭਲਿੰਦਰ ਕੌਰ | ਸੀਨੀਅਰ ਸਟੈਨੋ ਗ੍ਰਾਫਰ | ਮਿਤੀ 13-7-06 ਤੋਂ ਹੁਣ ਤੱਕ |
| 17 | ਸ਼੍ਰੀ ਅਰੁਣ ਕੁਮਾਰ | ਕਲਰਕ | ਮਿਤੀ 13-10-1985 ਤੋਂ ਹੁਣ ਤੱਕ |
| 18 | ਸ਼੍ਰੀ ਰਾਜਿੰਦਰ ਸਿੰਘ | ਕਲਰਕ | ਮਿਤੀ 10-9-1985 ਤੋਂ ਹੁਣ ਤੱਕ |
| 19 | ਸ਼੍ਰੀ ਮਹੇਸ਼ ਕੁਮਾਰ | ਕਲਰਕ | ਮਿਤੀ 17-2-1988 ਤੋਂ ਹੁਣ ਤੱਕ |
| 20 | ਸ਼੍ਰੀ ਅਮਰਜੀਤ ਸਿੰਘ | ਕਲਰਕ | ਮਿਤੀ 1-2-1990 ਤੋਂ ਹੁਣ ਤੱਕ |
| 21 | ਸ਼੍ਰੀ ਇੰਦਰਜੀਤ ਸਿੰਘ | ਕਲਰਕ | ਮਿਤੀ 1-2-1990 ਤੋਂ ਹੁਣ ਤੱਕ |
| 22 | ਸ਼੍ਰੀ ਅਜੀਤ ਸਿੰਘ | ਕਲਰਕ | ਮਿਤੀ 18-10-1994 ਤੋਂ ਹੁਣ ਤੱਕ |
| 23 | ਸ੍ਰੀਮਤੀ ਕਵਿਤਾ ਸ਼ਰਮਾ | ਕਲਰਕ | ਮਿਤੀ: 1-10-1999 ਤੋਂ ਹੁੱਣ ਤੱਕ |
| 24 | ਸ਼੍ਰੀ ਭਗਵਤ ਸਿੰਘ | ਕਲਰਕ | ਮਿਤੀ: 21-7-1999 ਤੋਂ ਹੁੱਣ ਤੱਕ |
| 25 | ਸ੍ਰੀ ਪਵਨ ਕੁਮਾਰ | ਕਲਰਕ | ਮਿਤੀ: 28-7-2000 ਤੋਂ ਹੁੱਣ ਤੱਕ |
| 26 | ਸ੍ਰੀ ਰੋਸ਼ਨ ਲਾਲ | ਕਲਰਕ | ਮਿਤੀ: 15-8-2002 ਤੋ ਹੁੱਣ ਤੱਕ |
| 27 | ਸ਼੍ਰੀ ਪੰਕਜ ਕੁਮਾਰ | ਕਲਰਕ | ਮਿਤੀ: 3-8-2006 ਤੋ ਹੁੱਣ ਤੱਕ |
| 28 | ਸ਼੍ਰੀ ਅਖਿਲ | ਕਲਰਕ | ਮਿਤੀ: 3-4-2008 ਤੋ ਹੁੱਣ ਤੱਕ |
| 29 | ਸ੍ਰੀ ਬਲਵਿੰਦਰ ਸਿੰਘ | ਕਲਰਕ | ਮਿਤੀ: 15-8-2000 ਤੋਂ ਹੁੱਣ ਤੱਕ |
| 30 | ਸ਼੍ਰੀ ਮੁਕੇਸ਼ ਕੁਮਾਰ | ਕਲਰਕ | ਮਿਤੀ 7-1-2005 ਤੋਂ ਹੁਣ ਤੱਕ |
| 31 | ਸ੍ਰੀ ਅੰਗਰੇਜ ਸਿੰਘ | ਕਲਰਕ | ਮਿਤੀ: 24-4-1997 ਤੋਂ ਹੁੱਣ ਤੱਕ |
| 32 | ਸ਼੍ਰੀ ਸੰਜੇ ਕੁਮਾਰ | ਕਲਰਕ | ਮਿਤੀ 4-8-2014 ਤੋਂ ਹੁਣ ਤੱਕ |
| 33 | ਸ੍ਰੀ ਹਰਪ੍ਰੀਤ ਸਿੰਘ | ਕਲਰਕ | ਮਿਤੀ 4-1-2017 ਤੋਂ ਹੁਣ ਤੱਕ |
| 34 | ਸ੍ਰੀ ਇੰਦਰ ਸਿੰਘ | ਸੇਵਾਦਾਰ | ਮਿਤੀ: 15-4-1993 ਤੋਂ ਹੁੱਣ ਤੱਕ |
| 35 | ਸ੍ਰੀ ਤਰਸੇਮ ਲਾਲ | ਸੇਵਾਦਾਰ | ਮਿਤੀ: 15-8-2002 ਤੋਂ ਹੁੱਣ ਤੱਕ |
| 36 | ਸ਼੍ਰੀ ਹਰਮੇਸ਼ ਕੁਮਾਰ | ਸੇਵਾਦਾਰ | ਮਿਤੀ: 4-1-1988 ਤੋਂ ਹੁਣ ਤੱਕ |
| 37 | ਸ੍ਰੀ ਦਰਸ਼ਨ ਸਿੰਘ | ਸੇਵਾਦਾਰ | ਮਿਤੀ: 22-6-2000 ਤੋਂ ਹੁੱਣ ਤੱਕ |
| 38 | ਸ੍ਰੀ ਜਸਵੀਰ ਕੌਰ | ਸੇਵਾਦਾਰ | ਮਿਤੀ: 14-9-2000 ਤੋਂ ਹੁੱਣ ਤੱਕ |
| 39 | ਸ਼੍ਰੀਮਤੀ ਕੁਲਵਿੰਦਰ ਕੌਰ | ਸੇਵਾਦਾਰ | ਮਿਤੀ: 31-12-2007 ਤੋਂ ਹੁਣ ਤੱਕ |
| 40 | ਸ਼੍ਰੀ ਕੁਸ਼ ਕੁਮਾਰ | ਸੇਵਾਦਾਰ | ਮਿਤੀ: 8-10-2009 ਤੋਂ ਹੁਣ ਤੱਕ |
| 41 | ਸ਼੍ਰੀਮਤੀ ਰਾਜਬੀਰ ਕੌਰ | ਸੇਵਾਦਾਰ | ਮਿਤੀ: 9-10-2009 ਤੋਂ ਹੁਣ ਤੱਕ |
| 42 | ਸ੍ਰੀ ਕੁਲਜੀਤ ਸਿੰਘ | ਸੇਵਾਦਾਰ | ਮਿਤੀ 17-11-2014 ਤੋਂ ਹੁਣ ਤੱਕ |
| 43 | ਸ਼੍ਰੀ ਪ੍ਰਦੀਪ ਕੁਮਾਰ | ਸੇਵਾਦਾਰ | ਮਿਤੀ: 6-12-1991 ਤੋਂ ਹੁਣ ਤੱਕ |

| | | | |
|---|---|---|---|
| 44 | ਸ੍ਰੀ ਅਮਿਤ ਕੁਮਾਰ | ਸੇਵਾਦਾਰ | ਮਿਤੀ 26-12-13 ਤੋਂ ਹੁਣ ਤੱਕ |
| 45 | ਸ਼੍ਰੀ ਕਰਮਪਾਲ ਸਿੰਘ | ਚੌਕੀਦਾਰ | ਮਿਤੀ: 1-4-2016 ਤੋਂ ਹੁਣ ਤੱਕ |
| 46 | ਸ੍ਰੀ ਵਿਸ਼ਨੂੰ ਸ਼ਰਮਾ | ਡਰਾਇਵਰ (ਪਦਉਨਤ) | ਮਿਤੀ: 1-4-2016 ਤੋਂ ਹੁਣ ਤੱਕ |
| 47 | ਸ਼੍ਰੀ ਅਮਰੀਕ ਸਿੰਘ | ਡਰਾਇਵਰ | ਮਿਤੀ 6-5-85 ਤੋਂ ਹੁਣ ਤੱਕ |
| 48 | ਸ੍ਰੀ ਗੁਰਵਿੰਦਰ ਸਿੰਘ | ਡਰਾਇਵਰ | ਮਿਤੀ 4-1-2017 ਤੋਂ ਹੁਣ ਤੱਕ |
| 49 | ਸ੍ਰੀ ਬਿਕਰਮ ਸਿੰਘ | ਡਰਾਇਵਰ | ਮਿਤੀ 4-1-2017 ਤੋਂ ਹੁਣ ਤੱਕ |
| 50 | ਸ੍ਰੀ ਸੰਜੀਵ ਕੁਮਾਰ | ਡਰਾਇਵਰ | ਮਿਤੀ 4-1-2017 ਤੋਂ ਹੁਣ ਤੱਕ |
| 51 | ਸ੍ਰੀ ਗੁਰਚਰਨ ਸਿੰਘ | ਡਰਾਇਵਰ | ਮਿਤੀ 4-1-2017 ਤੋਂ ਹੁਣ ਤੱਕ |
| 52 | ਸ੍ਰੀ ਸੋਹਨ ਸਿੰਘ | ਡਰਾਇਵਰ | ਮਿਤੀ 4-1-2017 ਤੋਂ ਹੁਣ ਤੱਕ |
| 53 | ਸ੍ਰੀ ਕਮਲਪ੍ਰੀਤ ਸਿੰਘ | ਡਰਾਇਵਰ | ਮਿਤੀ 4-1-2017 ਤੋਂ ਹੁਣ ਤੱਕ |
| 54 | ਸ੍ਰੀ ਅਮਰੀਕ ਸਿੰਘ | ਡਰਾਇਵਰ | ਮਿਤੀ 4-1-2017 ਤੋਂ ਹੁਣ ਤੱਕ |

**ਹਾਜਰੀ ਰਜਿਸਟਰ:**

ਇਸ ਮੱਦ ਅਧੀਨ ਰਜਿਸਟਰ ਜਨਵਰੀ 2018 ਤੋਂ ਲੱਗਾ ਹੋਇਆ ਹੈ। ਪੰਨਿਆਂ ਸਬੰਧੀ ਤਸਦੀਕੀ ਸਰਟੀਫਿਕੇਟ ਕਾਰਜ ਸਾਧਕ ਅਫਸਰ ਨਗਰ ਕੌਂਸਲ, ਖਰੜ ਵੱਲੋਂ ਦਿੱਤਾ ਹੋਇਆ ਹੈ।

**2. ਨਗਰ ਕੌਂਸਲ ਦੀ ਸਥਾਪਨਾ :-**

ਨਗਰ ਕੌਂਸਲ ਖਰੜ ਪਹਿਲੇ ਦਰਜੇ ਦੀ ਕੌਂਸਲ ਹੈ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਇਸ ਨਗਰ ਕੌਂਸਲ ਦੀ ਆਬਾਦੀ 74589 ਹੈ । ਇਸ ਨਗਰ ਕੌਂਸਲ ਦੇ 27 ਵਾਰਡ ਹਨ। ਇਸ ਨਗਰ ਕੌਂਸਲ ਦੀ ਚੋਣ ਮਾਹ ਫਰਵਰੀ 2015 ਵਿੱਚ ਹੋਈ ਸੀ।

**3. ਪਿਛਲੀਆ ਪੜਤਾਲਾਂ :-**

ਇਸ ਦਫ਼ਤਰ ਵਿੱਚ ਪਿਛਲੀਆਂ ਪੜਤਾਲਾਂ ਦਾ ਰਜਿਸਟਰ ਸ਼ੁਰੂ ਕੀਤਾ ਗਿਆ ਹੈ ਜਿਸ ਦੇ ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦੇਣ ਉਪਰੰਤ ਸਬੰਧਤ ਅਫਸਰ ਦੇ ਹਸਤਾਖਰ ਕੀਤੇ ਗਏ ਹਨ। ਪੜਤਾਲਾਂ ਸਬੰਧੀ ਪ੍ਰਾਪਤ ਹੋਏ ਪੜਤਾਲ ਨੋਟਾਂ ਦਾ ਵੇਰਵਾ ਦਰਜ ਕੀਤਾ ਹੋਇਆ ਹੈ।

**4. ਆਡਿਟ ਨੋਟ:-**

ਲੇਖਾਕਾਰ ਦੇ ਦੱਸਣ ਅਨੁਸਾਰ ਪ੍ਰੀਖਿਅਕ ਸਥਾਨਕ ਲੇਖਾ ਫੰਡ, ਪੰਜਾਬ ਚੰਡੀਗੜ੍ਹ ਜੀ ਨੇ ਇਸ ਦਫਤਰ ਦਾ ਆਡਿਟ ਸਾਲ 4/17 ਤੋਂ 3/18 ਤੱਕ ਕੀਤਾ ਹੋਇਆ ਹੈ, ਜਿਸਦਾ ਆਡਿਟ ਨੋਟ ਇਸ ਦਫਤਰ ਵਿਖੇ ਪ੍ਰਾਪਤ ਨਹੀਂ ਹੋਇਆ ਹੈ।

**5. ਕਾਰਵਾਈ ਰਜਿਸਟਰ:-**

ਇਸ ਮੱਦ ਸਬੰਧੀ ਰਜਿਸਟਰ ਮਿੱਥੇ ਪ੍ਰੋਫਾਰਮੇ ਵਿੱਚ ਮਿਤੀ 1-4-2017 ਤੋਂ ਲੱਗਿਆ ਹੋਇਆ ਹੈ। ਇਸ ਦੇ ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦੇ ਕੇ ਕਾਰਜ ਸਾਧਕ ਅਫਸਰ,ਨਗਰ ਕੌਂਸਲ ਦੇ ਹਸਤਾਖਰ ਕਰਵਾਏ ਹੋਏ ਹਨ। ਮਿਤੀ 1-4-2017 ਤੋਂ ਲੈ ਕੇ ਮਿਤੀ 31-3-2018 ਤੱਕ ਕੁੱਲ 98 ਮਤੇ ਪਾਸ ਕੀਤੇ ਗਏ ਹਨ,ਜੋ ਕਿ ਕ੍ਰਮਵਾਰ ਰਜਿਸਟਰ ਵਿੱਚ ਦਰਜ ਹਨ। ਜੋ ਮਤੇ ਉੱਚ ਅਧਿਕਾਰੀਆਂ ਵਲੋਂ ਰੱਦ/ਰੋਕ ਲਗਾਈ ਜਾਂਦੀ ਹੈ, ਉਸਦਾ ਰਜਿਸਟਰ ਵਿੱਚ ਚਸਪਾ ਕੀਤਾ ਜਾਂਦਾ ਹੈ। ਰਜਿਸਟਰ ਦੀ ਪੜਤਾਲ ਤੋਂ ਪਾਇਆ ਗਿਆ ਕਿ ਮੀਟਿੰਗ ਦੀ ਕਾਰਵਾਈ ਸਮੇਂ ਸਿਰ ਉੱਚ ਅਧਿਕਾਰੀਆਂ ਨੂੰ ਭੇਜੀ ਜਾਂਦੀ ਹੈ। ਮਿਤੀ 31-3-2018 ਤੱਕ ਪਾਸ ਹੋਏ ਮਤਿਆਂ ਤੇ ਪ੍ਰਧਾਨ ਜੀ ਵਲੋਂ ਹਸਤਾਖਰ ਕਰਵਾਏ ਹੋਏ ਹਨ। ਸਬੰਧਤ ਕਲਰਕ ਸ੍ਰੀ ਰੋਸ਼ਨ ਲਾਲ ਵੱਲੋਂ ਰਜਿਸਟਰ ਚੈੱਕ ਕਰਕੇ ਦੱਸਿਆ ਗਿਆ ਕਿ ਪ੍ਰਧਾਨ ਜੀ ਵਲੋਂ ਮਿਤੀ 1-4-17 ਤੋਂ 31-3-2018 ਤੱਕ 13 ਮੀਟਿੰਗਾਂ ਕੀਤੀਆਂ ਗਈਆਂ ਹਨ। ਹਦਾਇਤ ਕੀਤੀ ਗਈ ਕਿ ਇਨ੍ਹਾਂ ਕੀਤੀਆਂ ਗਈਆਂ ਮੀਟਿੰਗਾਂ ਸਬੰਧੀ ਰਜਿਸਟਰ ਵਿੱਚ ਚਸਪਾ ਕੀਤਾ ਜਾਵੇ।

**6. ਅਜੰਡਾ ਰਜਿਸਟਰ:-**

ਇਸ ਮੱਦ ਸਬੰਧੀ ਰਜਿਸਟਰ ਮਿਤੀ 18-03-2015 ਤੋਂ ਲੱਗਾ ਹੋਇਆ ਹੈ, ਜਿਸ ਅਨੁਸਾਰ ਮਿਤੀ 31-3-2018 ਤੱਕ ਇੰਦਰਾਜ ਦਰਜ ਹਨ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ।ਹਦਾਇਤ ਕੀਤੀ ਗਈ ਕਿ ਹਰ ਐਂਟਰੀ ਤੇ ਪ੍ਰਧਾਨਗੀ ਅਫਸਰ ਦੇ ਹਸਤਾਖਰ ਕਰਵਾਏ ਜਾਣ ਅਤੇ ਮੋਹਰ ਵੀ ਲਗਾਈ ਜਾਵੇ।

**7. ਬਿਲਡਿੰਗ ਐਪਲੀਕੇਸ਼ਨ ਰਜਿਸਟਰ :-**

ਇਸ ਮੱਦ ਅਧੀਨ 8 ਰਜਿਸਟਰ ਮਿਤੀ 1-4-2017 ਤੋਂ 31-3-2018 ਤੱਕ ਲੱਗੇ ਹੋਏ ਹਨ। ਸਾਰੇ ਰਜਿਸਟਰਾਂ ਵਿੱਚ ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤੇ ਹੋਏ ਹਨ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਮਿਤੀ 1-4-17 ਤੋਂ 31-3-2018 ਤੱਕ ਕੁੱਲ 4233 (ਦਰਖਾਸਤਾਂ) ਨਕਸ਼ੇ ਪਾਸ ਕਰਨ ਸਬੰਧੀ ਪ੍ਰਾਪਤ ਹੋਈਆਂ ਸਨ,ਨਕਸ਼ੇ ਪਾਸ ਹੋਣ ਉਪਰੰਤ ਉਨ੍ਹਾਂ ਦਾ ਇੰਦਰਾਜ਼ ਰਜਿਸਟਰ ਵਿੱਚ ਕੀਤਾ ਹੋਇਆ ਹੈ। ਸਬੰਧਤ ਕਰਮਚਾਰੀ ਵਲੋਂ ਮਹੀਨਾਵਾਰ ਗੋਸ਼ਵਾਰੇ ਕੱਢੇ ਹੋਏ ਹਨ। ਹਦਾਇਤ ਕੀਤੀ ਗਈ ਕਿ ਹਰ ਮਹੀਨੇ ਪ੍ਰਾਪਤ ਹੋਣ ਵਾਲੇ ਨਕਸ਼ਿਆ ਸਬੰਧੀ ਮਹੀਨਾਵਾਰ ਗੋਸ਼ਵਾਰਾ ਕੱਢ ਕੇ ਪ੍ਰਧਾਨਗੀ ਅਫਸਰ ਦੇ ਹਸਤਾਖਰ ਕਰਵਾਏ ਜਾਣ।

**8. ਜਨਮ ਸਬੰਧੀ ਰਜਿਸਟਰ:-**

ਇਸ ਮੱਦ ਅਧੀਨ ਮਿਤੀ 1-1-2016 ਤੋਂ ਰਜਿਸਟਰ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਮਿਤੀ 1-4-17 ਤੋਂ ਲੈ ਕੇ ਮਿਤੀ 31-3-2018 ਤੱਕ 1702 ਜਨਮ ਸਬੰਧੀ ਇੰਦਰਾਜ ਕੀਤਾ ਹੋਇਆ ਹੈ, ਜਿਨ੍ਹਾ ਵਿਚੋਂ 799 ਲੜਕੇ ਅਤੇ 903 ਲੜਕੀਆਂ ਹਨ। ਇਸ ਸਬੰਧੀ ਮਹੀਨਾਵਾਰ ਗੋਸ਼ਵਾਰ ਕੱਢਿਆ ਜਾਵੇ। ਹਦਾਇਤ ਕੀਤੀ ਗਈ ਕਿ ਰਜਿਸਟਰ ਦੇ ਹਰ ਪੰਨੇ ਦੇ ਆਖਿਰ ਵਿੱਚ ਸਟੈਂਪ ਲਗਾ ਕੇ ਪ੍ਰਧਾਨਗੀ ਅਫਸਰ ਦੇ ਹਸਤਾਖਰ ਕਰਵਾਏ ਜਾਣ ਅਤੇ ਇਹ ਰਿਕਾਰਡ ਕੰਪਿਊਟਰਾਈਜ ਕੀਤਾ ਜਾਵੇ।

**9. ਮੌਤ ਸਬੰਧੀ ਰਜਿਸਟਰ:-**

ਇਸ ਮੱਦ ਅਧੀਨ ਰਜਿਸਟਰ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਪੜਤਾਲ ਸਮੇਂ ਦੌਰਾਨ ਕੁੱਲ 407 ਮੌਤਾਂ ਦਾ ਇੰਦਰਾਜ ਰਜਿਸਟਰ ਵਿੱਚ ਕੀਤਾ ਹੋਇਆ ਹੈ, ਜਿਨ੍ਹਾ ਵਿਚੋਂ 248 ਪੁਰਸ਼ ਅਤੇ 159 ਇਸਤਰੀਆਂ ਹਨ। ਇਸ ਸਬੰਧੀ ਮਹੀਨਾਵਾਰ ਗੋਸ਼ਵਾਰਾ ਨਹੀਂ ਕੱਢਿਆ ਗਿਆ। ਇਨ੍ਹਾਂ ਤੇ ਸਬੰਧਤ ਅਧਿਕਾਰੀ ਦੇ ਹਸਤਾਖਰ ਕਰਵਾਏ ਹੋਏ ਹਨ। ਨਿਮਨਹਸਤਾਖਰ ਵੱਲੋਂ ਹਰ 6 ਮਹੀਨੇ ਬਾਅਦ ਗੋਸਵਾਰਾ ਕੱਢਣ ਲਈ ਆਦੇਸ ਦਿੱਤੇ ਗਏ।

**10. ਵਾਟਰ ਕੁਨੈਕਸ਼ਨ ਰਜਿਸਟਰ :-**

ਇਸ ਮੱਦ ਅਧੀਨ ਰਜਿਸਟਰ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ । ਮਿਤੀ 1-4-2017 ਤੋਂ 31-12-2017 ਤੱਕ 633 ਨਵੇਂ ਕੁਨੈਕਸ਼ਨ ਜਾਰੀ ਕੀਤੇ ਗਏ ਹਨ, ਜਿਨ੍ਹਾਂ ਦੇ ਸਬੰਧ ਵਿੱਚ 9,49,500/- ਰੁਪਏ ਵਸੂਲ ਕੀਤੇ ਗਏ, ਜੋ ਕਿ ਦਾਖਲ ਖਜ਼ਾਨਾ ਕਰਵਾਏ ਗਏ ਹਨ। ਰਜਿਸਟਰ ਦੀ ਪੜਤਾਲ ਤੋਂ ਪਾਇਆ ਗਿਆ ਕਿ 42 ਕਮਰਸ਼ੀਅਲ ਅਤੇ 591 ਯੂਨਿਟ ਘਰੇਲੂ ਹਨ। ਲੇਖਾਕਾਰ ਦੇ ਦੱਸਣ ਅਨੁਸਾਰ ਪੜਤਾਲ ਸਮੇਂ ਦੌਰਾਨ ਕੋਈ ਵੀ ਰਕਮ ਵਸੂਲਣਯੋਗ ਨਹੀਂ ਹੈ।

ਡਿਮਾਂਡ ਅਤੇ ਕੁਲੈਕਸ਼ਨ ਰਜਿਸਟਰ ਵੇਖੇ ਗਏ। ਇਸ ਮੱਦ ਅਧੀਨ 22 ਰਜਿਸਟਰ ਮਿੱਥੇ ਪ੍ਰੋਫਾਰਮੇ ਵਿੱਚ ਲੱਗੇ ਹੋਏ ਹਨ। ਪੰਨਿਆਂ ਸਬੰਧੀ ਸਰਟੀਫਿਕੇਟ ਦੇ ਕੇ ਕਾਰਜ ਸਾਧਕ ਅਫਸਰ ਦੇ ਹਸਤਾਖਰ ਕਰਵਾਏ ਹੋਏ ਹਨ। ਵਸੂਲੀ ਸਬੰਧੀ ਖਪਤਕਾਰ ਨੂੰ 6 ਮਹੀਨਿਆਂ ਦਾ ਬਿਲ ਭੇਜਿਆ ਜਾਂਦਾ ਹੈ। ਜੋ ਰਕਮ ਆਉਂਦੀ ਹੈ,ਉਹ ਖਪਤਕਾਰ ਦੇ ਖਾਤੇ ਵਿੱਚ ਜਮ੍ਹਾ ਕੀਤੀ ਜਾਂਦੀ ਹੈ ਅਤੇ ਉਸ ਦੇ ਸਾਹਮਣੇ ਰਸੀਦ ਨੰਬਰ ਅਤੇ ਮਿਤੀ ਦਰਜ ਕੀਤੀ ਹੋਈ ਹੈ। ਜੋ ਪਿਛਲਾ ਬਕਾਇਆ ਹੈ,ਉਸ ਦਾ ਇੰਦਰਾਜ ਲਾਲ ਸਿਆਹੀ ਨਾਲ ਰਜਿਸਟਰ ਵਿੱਚ ਕੀਤਾ ਹੋਇਆ ਹੈ। ਹਦਾਇਤ ਕੀਤੀ ਗਈ ਕਿ ਗੋਸਵਾਰਾ ਕੱਢਿਆ ਜਾਵੇ ਅਤੇ ਪੈਂਡਿੰਗ ਬਿਲ ਵੀ ਖਪਤਕਾਰ ਨੂੰ ਭੇਜੇ ਜਾਣ।

**11. ਸੀਵਰੇਜ ਕੁਨੈਕਸ਼ਨ/ਸਕਿਉਰਟੀ ਰਜਿਸਟਰ:-**

ਇਸ ਮੱਦ ਅਧੀਨ ਰਜਿਸਟਰ ਮਿੱਥੇ ਪ੍ਰਫਾਰਮੇ ਵਿੱਚ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਪੜਤਾਲ ਸਮੇਂ ਦੌਰਾਨ ਮਿਤੀ 1-4-17 ਤੋ 31-3-2018 ਤੱਕ ਸੀਵਰੇਜ ਦੇ 545 ਕੁਨੈਕਸ਼ਨ ਜਾਰੀ ਕੀਤੇ ਗਏ ਹਨ, ਜਿਨ੍ਹਾਂ ਤੋਂ 8,17,500/- ਰੁਪਏ ਸਕਿਉਰਟੀ ਵਜੋਂ ਪ੍ਰਾਪਤ ਹੋਏ ਹਨ, ਜੋ ਕਿ ਖਜ਼ਾਨਾ ਜਮ੍ਹਾਂ ਕਰਵਾ ਦਿੱਤੇ ਹਨ । ਇਹਨਾ ਕੁਨੈਕਸਨ ਸਬੰਧੀ ਬਾ-ਤਰਤੀਬ ਰਜਿਸਟਰ ਵਿੱਚ ਇੰਦਰਾਜ ਕੀਤਾ ਹੋਇਆ ਹੈ।

ਡਿਮਾਂਡ ਅਤੇ ਕੁਲੈਕਸ਼ਨ ਰਜਿਸਟਰ ਵੇਖੇ ਗਏ ਇਸ ਮੱਦ ਅਧੀਨ 14 ਰਜਿਸਟਰ ਮਿੱਥੇ ਪ੍ਰੋਫਾਰਮੇ ਵਿੱਚ ਲੱਗੇ ਹੋਏ ਹਨ। ਪੰਨਿਆਂ ਸਬੰਧੀ ਸਰਟੀਫਿਕੇਟ ਦੇ ਕੇ ਕਾਰਜ ਸਾਧਕ ਅਫਸਰ ਦੇ ਹਸਤਾਖਰ ਕਰਵਾਏ ਹੋਏ ਹਨ। ਵਸੂਲੀ ਸਬੰਧੀ ਖਪਤਕਾਰ ਨੂੰ 6 ਮਹੀਨਿਆਂ ਦਾ ਬਿਲ ਭੇਜਿਆ ਜਾਂਦਾ ਹੈ। ਜੋ ਰਕਮ ਆਉਂਦੀ ਹੈ ਉਹ ਖਪਤਕਾਰ ਦੇ ਖਾਤੇ ਵਿੱਚ ਜਮ੍ਹਾ ਕੀਤੀ ਜਾਂਦੀ ਹੈ ਅਤੇ ਉਸ ਦੇ ਸਾਹਮਣੇ ਰਸੀਦ ਨੰਬਰ ਅਤੇ ਮਿਤੀ ਦਰਜ ਕੀਤੀ ਹੋਈ ਹੈ। ਜੋ ਪਿਛਲਾ ਬਕਾਇਆ ਹੈ,ਉਸ ਦਾ ਇੰਦਰਾਜ ਲਾਲ ਸਿਆਹੀ ਨਾਲ ਰਜਿਸਟਰ ਵਿੱਚ ਕੀਤਾ ਹੋਇਆ ਹੈ। ਜਿਨ੍ਹਾਂ ਖਪਤਕਾਰਾਂ ਵੱਲ ਜਿਆਦਾ ਬਕਾਇਆ ਖੜਾ ਹੈ, ਉਹਨਾ ਨੂੰ ਨੋਟਿਸ ਕੱਢੇ ਜਾ ਰਹੇ ਹਨ। ਹਦਾਇਤ ਕੀਤੀ ਗਈ ਕਿ ਪੈਡੈਂਸੀ ਸਬੰਧੀ ਰਿਕਾਰਡ ਰੱਖਿਆ ਜਾਵੇ ਅਤੇ ਪ੍ਰਧਾਨਗੀ ਅਫਸਰ ਦੇ ਮੋਹਰ ਲਗਾ ਕੇ ਹਸਤਾਖਰ ਕਰਵਾਏ ਜਾਣ।

**12. ਵਾਟਰ ਸਪਲਾਈ ਤੇ ਸੀਵਰੇਜ ਸਬੰਧੀ ਕੈਸ਼ ਬੁੱਕ :-**

ਇਹ ਕੈਸ਼ ਬੁੱਕ ਮਿੱਥੇ ਪ੍ਰਫਾਰਮੇ ਵਿੱਚ ਲਗੀ ਹੋਈ ਹੈ । ਪੰਨਿਆ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ । ਉਸ ਤੇ ਪ੍ਰਧਾਨਗੀ ਅਫਸਰ ਦੇ ਹਸਤਾਖਰ ਕੀਤੇ ਹੋਏ ਹਨ । ਮਿਤੀ 31-3-2018 ਤੱਕ ਕੈਸ਼ ਬੁੱਕ ਵਿੱਚ ਮੁਬਲਗ 40648435.94/- ਰੁਪਏ ਬਾਕੀ ਹਨ। ਹਰ ਰੋਜ਼ ਖਰਚੇ ਅਤੇ ਆਮਦਨ ਤੇ ਪ੍ਰਧਾਨਗੀ ਅਫ਼ਸਰ ਦੇ ਹਸਤਾਖਰ ਕੀਤੇ ਹੋਏ ਹਨ। ਇਹ ਕੈਸ਼ ਬੁੱਕ ਮਿਤੀ 31-3-2018 ਤੱਕ ਰੀਕਨਸਾਇਲ ਕੀਤੀ ਹੋਈ ਹੈ।

**13. ਜਨਰਲ ਕੈਸ ਬੁੱਕ :-**

ਇਸ ਮੱਦ ਅਧੀਨ ਕੈਸ਼ ਬੁੱਕ ਲੱਗੀ ਹੋਈ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਮਿਤੀ 31-3-2018 ਤੱਕ ਕੈਸ਼ ਬੁੱਕ ਮੁਤਾਬਕ ਮੁਬਲਗ 57927101.30/- ਰੁਪਏ ਬਾਕੀ ਹਨ। ਇਹ ਕੈਸ਼ ਬੁੱਕ ਮਿਤੀ 31-3-2018 ਤੱਕ ਬੈਂਕ ਨਾਲ ਰੀਕਨਸਾਈਲ ਕੀਤੀ ਹੋਈ ਹੈ। ਹਰ ਰੋਜ ਖਰਚੇ ਅਤੇ ਆਮਦਨ ਤੇ ਪ੍ਰਧਾਨਗੀ ਅਫ਼ਸਰ ਦੇ ਹਸਤਾਖਰ ਕੀਤੇ ਹੋਏ ਹਨ।

**14. ਆਮਦਨ ਦੇ ਸਾਧਨ :-**

ਨਗਰ ਕੌਂਸਲ ਖਰੜ ਨੂੰ ਸਾਲ 2017-2018 ਲਈ ਵੱਖ- ਵੱਖ ਸਾਧਨਾਂ ਤੋਂ ਨਿਮਨ ਲਿਖਤ ਅਨੁਸਾਰ ਆਮਦਨ ਹੋਈ ਹੈ :-

| ਲੜੀ ਨੰ: | ਮੱਦ ਦਾ ਨਾਂ | ਬਜ਼ਟ ਦਾ ਉਪਬੰਧ 2017-18 (ਲੱਖਾਂ ਵਿੱਚ) | ਅਸਲ ਆਮਦਨ 1-4-2017 ਤੋਂ 31-3-2018 (ਲੱਖਾਂ ਵਿੱਚ) | ਪ੍ਰਤੀਸ਼ਤ |
|---|---|---|---|---|
| 1 | ਚੂੰਗੀ/ਵੈਟ | 836.00 | 860.79 | 103% |
| 2 | ਪ੍ਰਾਪਰਟੀ ਟੈਕਸ | 250.00 | 198.88 | 80% |
| 3 | ਐਕਸਾਈਜ ਡਿਊਟੀ | 180.00 | 232.78 | 129% |

| | | | | |
|---|---|---|---|---|
| 4 | ਵਾਟਰ ਰੇਟ/ ਸੀਵਰੇਜ | 350.00 | 270.72 | 77% |
| 5 | ਕਿਰਾਇਆ | 30.00 | 27.43 | 66% |
| 6 | ਬਿਲਡਿੰਗ ਨਕਸੇ ਤੇ ਆਮਦਨ | 2000.00 | 2521.34 | 126% |
| 7 | ਹੋਰ ਸਾਧਨਾ ਤੋਂ | 2394.00 | 214.91 | 9% |
| | ਜੋੜ :- | 6040.00 | 4326.85 | 72% |

ਉਪਰੋਕਤ ਤੋ ਸਪਸ਼ਟ ਹੈ ਕਿ ਬਜ਼ਟ ਸਾਲ 2017-18 ਦਾ ਮਾਹ 31-3-2018 ਤੱਕ 72% ਪੂਰਾ ਕੀਤਾ ਗਿਆ ਹੈ। ਕਾਰਜ ਸਾਧਕ ਅਫ਼ਸਰ ਨੂੰ ਹਦਾਇਤ ਕੀਤੀ ਜਾਵੇ ਕਿ ਆਮਦਨ ਵਧਾਉਣ ਦੇ ਹੋਰ ਉਪਰਾਲੇ ਕੀਤੇ ਜਾਣ।

**16. ਛੁੱਟੀਆਂ ਸਬੰਧੀ ਰਜਿਸਟਰ:-**

ਇਸ ਮੱਦ ਅਧੀਨ ਰਜਿਸਟਰ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਇਸ ਰਜਿਸਟਰ ਵਿੱਚ ਇਨਡੈਕਸ ਬਣਾਇਆ ਗਿਆ ਹੈ।

**17. ਪੀ. ਐਫ. ਸਬੰਧੀ ਰਜਿਸਟਰ:-**

ਇਸ ਮੱਦ ਅਧੀਨ ਰਜਿਸਟਰ ਲੱਗਾ ਹੋਇਆ ਹੈ,ਜੋ ਕਿ ਸਾਲ 2017-18 ਤੋਂ ਲਗਾਤਾਰ ਚੱਲ ਰਿਹਾ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਇਹ ਰਜਿਸਟਰ ਮਿਤੀ 31-3-2018 ਤੱਕ ਮੁਕੰਮਲ ਹੈ । ਟੈਸਟ ਚੈੱਕ ਵਜੋਂ ਸ਼੍ਰੀਮਤੀ ਕਵਿਤਾ ਸ਼ਰਮਾ ਕਲਰਕ, ਸ਼੍ਰੀ ਅਮਰਜੀਤ ਸਿੰਘ ਜੂਨੀਅਰ ਸਹਾਇਕ, ਰਾਮ ਚੰਦ ਸਫਾਈ ਸੇਵਕ ਅਤੇ ਸ਼੍ਰੀਮਤੀ ਭਲਿੰਦਰ ਕੌਰ, ਸੀਨੀਅਰ ਸਕੇਲ ਸਟੈਨੋਗ੍ਰਾਫਰ ਦੇ ਖਾਤੇ ਦੇਖੇ ਗਏ,ਜੋ ਕਿ ਸਹੀ ਪਾਏ ਗਏ ਹਨ। ਸਾਲ 2016 -2017 ਦੇ ਅਖੀਰ ਵਿੱਚ ਜਮ੍ਹਾਂ ਰਕਮ ਤੇ ਵਿਆਜ ਲਾਉਣ ਉਪਰੰਤ 31-03-2018 ਨੂੰ ਬਕਾਇਆ ਰਕਮ ਦਾ ਜੋੜ ਲੱਗਾ ਹੋਇਆ ਹੈ ਅਤੇ ਇਨ੍ਹਾਂ ਇੰਦਰਾਜਾ ਉੱਤੇ ਸਮਰੱਥ ਅਧਿਕਾਰੀ ਦੇ ਹਸਤਾਖਰ ਹੋਏ ਹੋਏ ਹਨ। ਹਦਾਇਤ ਕੀਤੀ ਗਈ ਕਿ ਇਹ ਰਿਕਾਰਡ ਆਨ ਲਾਈਨ ਕੀਤਾ ਜਾਵੇ।

**18. ਸਟੇਟਮੈਂਟਾਂ:-**

ਦਫਤਰ ਵਲੋਂ ਦੱਸਿਆ ਗਿਆ ਕਿ ਓ.ਬੀ.ਸੀ. ਬੈਂਕ ਵਲੋਂ ਸਾਰੇ ਕਰਮਚਾਰੀਆਂ ਦੀਆਂ ਪੀ.ਐਫ. ਦੀਆਂ ਸਟੇਟਮੈਂਟਾਂ ਲੈ ਕੇ ਪੀ.ਐਫ.ਲੇਜਰਾਂ ਨਾਲ ਮਿਲਾਨ ਕੀਤਾ ਜਾਂਦਾ ਹੈ।

**19. ਸੇਵਾ ਪੱਤਰੀਆਂ:-**

ਇਸ ਦਫਤਰ ਦੇ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਵੇਖੀਆਂ ਗਈਆਂ। ਟੈਸਟ ਚੈੱਕ ਵੱਜੋਂ ਸ਼੍ਰੀਮਤੀ ਭਲਿੰਦਰ ਕੌਰ, ਸੀਨੀਅਰ ਸਕੇਲ ਸਟੈਨੋ ਦੀ ਸਰਵਿਸ ਬੁੱਕ ਚੈੱਕ ਕੀਤੀ ਗਈ,ਜੋ ਕਿ 31-12-2017 ਤੱਕ ਮੁਕੰਮਲ ਹੈ ਸਲਾਨਾ ਇੰਕਰੀਮੈਂਟ ਦੀ ਐਂਟਰੀ ਸਮੇਂ ਸਿਰ ਕੀਤੀ ਹੋਈ ਹੈ। ਸ਼੍ਰੀਮਤੀ ਕੁਲਵਿੰਦਰ ਕੌਰ ਸੇਵਾਦਾਰ, ਸ਼੍ਰੀ ਗੁਰਮੇਲ ਸਿੰਘ ਪੰਪ ਅਪ੍ਰੇਟਰ, ਸ਼੍ਰੀ ਹਰੀ ਦਾਸ ਸਫਾਈ ਸੇਵਕ , ਸ਼੍ਰੀ ਹਰਮੇਸ਼ ਲਾਲ ਸੇਵਾਦਾਰ , ਸ਼੍ਰੀ ਅਰੁਨ ਕੁਮਾਰ ਜੂਨੀਅਰ ਸਹਾਇਕ ,ਅਮਰਜੀਤ ਸਿੰਘ ਜੂਨੀਅਰ ਸਹਾਇਕ ਦੀ ਸੇਵਾਪੱਤਰੀ ਚੈੱਕ ਕੀਤੀ ਗਈ ,ਜੋ ਕਿ 31-12-2017 ਤੱਕ ਮੁਕੰਮਲ ਹੈ । ਸਲਾਨਾ ਇੰਕਰੀਮੈਂਟ ਦੀ ਐਂਟਰੀ ਸਮੇਂ ਸਿਰ ਕੀਤੀ ਹੋਈ ਹੈ।

**20. ਚੂੰਗੀ ਸਬੰਧੀ :-**

ਲੇਖਾਕਾਰ ਵਲੋਂ ਦੱਸਿਆ ਗਿਆ ਕਿ ਮਿਤੀ 31-8-2006 ਤੋਂ ਚੂੰਗੀ ਸਰਕਾਰ ਵਲੋਂ ਖਤਮ ਕੀਤੀ ਜਾ ਚੁੱਕੀ ਹੈ। ਪਰ ਬਿਜਲੀ ਤੇ ਚੂੰਗੀ ਲਈ ਜਾਂਦੀ ਸੀ। ਹੁਣ ਸਰਕਾਰ ਵਲੋਂ ਜੀ.ਐਸ.ਟੀ ਲਾਗੂ ਕਰਨ ਕਾਰਨ ਨਗਰ ਕੌਂਸਲ ਖਰੜ ਨੂੰ ਬਿਜਲੀ ਦੀ ਚੂੰਗੀ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਪ੍ਰਾਪਤ ਨਹੀ ਹੋ ਰਹੀ ਹੈ।

**21. ਡੀ. ਓ. ਟੀ. ਪਿਉਰ ਫੂਡ ਲਾਇਸੰਸਾਂ ਸਬੰਧੀ :-**

ਇਸ ਮੱਦ ਅਧੀਨ ਰਜਿਸਟਰ ਲੱਗੇ ਹੋਏ ਹਨ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਪੜਤਾਲ ਸਮੇਂ ਦੌਰਾਨ ਮਿਤੀ 1-4-2017 ਤੋਂ 31-12-17 ਤੱਕ ਧਾਰਾ 121 ਅਧੀਨ 203, ਧਾਰਾ 188 ਅਧੀਨ 77, ਧਾਰਾ 197 ਅਧੀਨ 112 ਕੁੱਲ 392 ਲਾਇਸੰਸ ਬਣਾਏ ਗਏ ਅਤੇ ਇਨ੍ਹਾਂ ਤੋਂ ਕੁੱਲ 1,73,385/- ਰੁਪਏ ਫ਼ੀਸ ਪ੍ਰਾਪਤ ਹੋਈ ਹੈ । ਬੁੱਕ ਨੰਬਰ 3 ਦੀ ਰਸੀਦ ਨੰਬਰ 50, 51 ਅਤੇ 52,ਜੋ ਕਿ ਪ੍ਰਤੀ ਰਸੀਦ 500/- ਰੁਪਏ,ਮਿਤੀ 17-2-2017 ਨੂੰ ਕੱਟੀਆਂ ਗਈਆਂ ਹਨ, ਇਨ੍ਹਾਂ ਦੀ ਵਸੂਲੀ ਕਰਨ ਸਬੰਧੀ ਚਲਾਨ ਨਾਲ ਚਸਪਾ ਕੀਤਾ ਹੋਇਆ ਹੈ।

**22. ਸਫ਼ਾਈ ਸੇਵਕਾਂ ਦਾ ਹਾਜ਼ਰੀ ਰਜਿਸਟਰ:-**

ਇਸ ਮੱਦ ਅਧੀਨ ਰਜਿਸਟਰ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਇਸ ਸਮੇਂ ਨਗਰ ਕੌਂਸਲ ਖਰੜ ਵਿਖੇ ਕੁੱਲ 23 ਸਫਾਈ ਸੇਵਕ ਕੰਮ ਕਰ ਰਹੇ ਹਨ। ਨਗਰ ਕੌਂਸਲ ਖਰੜ ਦੇ ਬਾਹਰਲੇ ਏਰੀਏ ਦੀ ਸਫਾਈ ਦਾ ਕੰਮ ਟੈਂਡਰਾਂ ਰਾਹੀਂ ਠੇਕੇ ਤੇ ਦਿੱਤਾ ਹੋਇਆ ਹੈ। ਪੜਤਾਲ ਤੋਂ ਪਾਇਆ ਗਿਆ ਕਿ ਇਹਨਾਂ ਦੀ ਹਾਜਰੀ ਐਸ.ਆਈ. ਵਲੋਂ ਲਗਾਈ ਜਾਂਦੀ ਹੈ ਅਤੇ ਤਸਦੀਕ ਕੀਤੀ ਹੋਈ ਹੈ।

**23. ਮੂਵਮੈਂਟ ਰਜਿਸਟਰ :-**

ਇਸ ਮੱਦ ਅਧੀਨ ਰਜਿਸਟਰ ਮਿੱਥੇ ਪ੍ਰਫਾਰਮੇ ਵਿੱਚ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਮੂਵਮੈਂਟ ਰਜਿਸਟਰ ਤੇ ਜਾਣ ਵਾਲਿਆਂ ਵਲੋਂ ਇੰਦਰਾਜ ਕੀਤਾ ਜਾਂਦਾ ਹੈ,ਪਰ ਆਉਣ ਸਮੇਂ ਕੋਈ ਇੰਦਰਾਜ ਨਹੀਂ ਜਾਂਦਾ। ਇਸ ਸਬੰਧੀ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕਰ ਦਿੱਤੀ ਗਈ ਹੈ ਮੂਵਮੈਂਟ ਰਜਿਸਟਰ ਵਿੱਚ ਜਾਣ ਅਤੇ ਆਉਣ ਦੀ ਐਂਟਰੀ ਕੀਤੀ ਜਾਵੇ। ਇਸ ਤੋਂ ਇਲਾਵਾ ਰਜਿਸਟਰ ਤੇ ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਜਾਣ।

**24. ਹਾਊਸ ਟੈਕਸ/ਪ੍ਰਾਪਰਟੀ ਟੈਕਸ ਰਜਿਸਟਰ :-**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਾਊਸ ਟੈਕਸ ਖਤਮ ਹੋ ਚੁੱਕਾ ਹੈ,ਪ੍ਰੰਤੂ ਹਾਊਸ ਟੈਕਸ ਦਾ ਪਿਛਲਾ ਬਕਾਇਆ ਵਸੂਲਣਯੋਗ ਹੈ ਅਤੇ ਮਿਤੀ 1-4-2013 ਤੋਂ ਪ੍ਰਾਪਰਟੀ ਟੈਕਸ ਲਾਗੂ ਹੋ ਚੁੱਕਾ ਹੈ। ਮਿਤੀ 1-4-2011 ਤੋਂ 31-12-

2017 ਤੱਕ ਕੁੱਲ 15979 ਫਾਰਮ ਪ੍ਰਾਪਤ ਹੋ ਚੁੱਕੇ ਹਨ, ਜਿਨਾਂ ਤੋਂ ਮੁਬਲਗ 134.00 ਲੱਖ ਰੁਪਏ ਰਕਮ ਪ੍ਰਾਪਤ ਹੋਈ ਹੈ ਅਤੇ ਹਾਊਸ ਟੈਕਸ ਦੇ ਪਿਛਲੇ ਬਕਾਏ ਵਿੱਚੋਂ 2.00 ਲੱਖ ਰਕਮ ਵਸੂਲੀ ਗਈ ਹੈ, ਜੋ ਕਿ ਸਰਕਾਰੀ ਖਾਤੇ ਵਿੱਚ ਜਮ੍ਹਾ ਹੋ ਚੁੱਕੀ ਹੈ। ਹਾਊਸ ਟੈਕਸ ਦੇ ਰਿਕਾਰਡ ਸਬੰਧੀ ਰਜਿਸਟਰ ਲਗਾਇਆ ਜਾਵੇ।

**25. ਅੱਚਲ ਜਾਇਦਾਦ ਸਬੰਧੀ ਰਜਿਸਟਰ :-**

ਇਸ ਮੱਦ ਅਧੀਨ 5 ਰਜਿਸਟਰ ਲੱਗੇ ਹੋਏ ਹਨ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਇਸ ਰਜਿਸਟਰ ਵਿੱਚ ਨਗਰ ਕੌਂਸਲ ਦੀ ਜਾਇਦਾਦ ਸਬੰਧੀ ਇੰਦਰਾਜ ਕੀਤਾ ਹੋਇਆ ਹੈ। ਦਫਤਰ ਵਲੋਂ ਦੱਸਿਆ ਗਿਆ ਕਿ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ ਨਗਰ ਕੌਂਸਲ ਦੀ ਹੱਦਾਂ ਵਿੱਚ ਵਾਧਾ ਕਰਨ ਸਬੰਧੀ ਜੋ ਜਮੀਨ ਹੱਦੂਦ ਅੰਦਰ ਆਈ ਹੈ,ਉਨ੍ਹਾਂ ਪਿੰਡਾਂ ਵਿੱਚਲੀਆਂ ਗ੍ਰਾਮ ਪੰਚਾਇਤੀ ਜਮੀਨਾਂ ਦੇ ਇੰਤਕਾਲ ਨਗਰ ਕੌਂਸਲ ਖਰੜ ਦੇ ਨਾਮ ਦਰਜ ਹੋ ਚੁੱਕੇ ਹਨ। ਹਦਾਇਤ ਕੀਤੀ ਗਈ ਕਿ ਜਿਨ੍ਹਾਂ ਪੰਚਾਇਤਾਂ ਦੀਆਂ ਜਮੀਨਾਂ ਦੇ ਇੰਤਕਾਲ ਦਰਜ ਨਹੀਂ ਹੋਏ,ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਜਾਣ ਅਤੇ ਇਸ ਸਬੰਧੀ ਰਜਿਸਟਰ ਵਿੱਚ ਇੰਦਰਾਜ ਕੀਤਾ ਜਾਵੇ। ਨਿਮਨਹਸਤਾਖਰ ਵੱਲੋ ਤਾਜਾ ਫਰਦ ਰਿਪੋਰਟ ਲੈਣ ਲਈ ਕਿਹਾ ਗਿਆ ਅਤੇ ਪਟਵਾਰੀ ਅਤੇ ਕਾਨੂੰਗੋ ਨੂੰ ਦਰੁਸਤੀ ਗਿਰਦਾਵਰੀ ਅਤੇ ਮੌਕਾ ਦੇਖਕੇ ਮੌਜੂਦਾ ਰਿਪੋਰਟ ਪੇਸ ਕਰਨ ਲਈ ਹੁਕਮ ਦਿੱਤੇ ਗਏ।

**26 ਚੱਲ ਜਾਇਦਾਦ ਸਬੰਧੀ ਰਜਿਸਟਰ :-** ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ।

ਇਸ ਮੱਦ ਅਧੀਨ ਰਜਿਸਟਰ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਜੇਕਰ ਦਰੁਸਤੀ

ਹਦਾਇਤ ਕੀਤੀ ਗਈ ਕਿ ਜਾਇਦਾਦ ਸਬੰਧੀ ਪਟਵਾਰੀ ਹਲਕਾ ਪਾਸੋਂ ਮੌਜੂਦਾ ਰਿਪੋਰਟ ਪ੍ਰਾਪਤ ਕੀਤੀ ਜਾਵੇ। ਜੇਕਰ ਦਰੁਸਤੀ ਗਿਰਦਾਵਰੀ ਦੀ ਲੋੜ ਹੈ ਤਾਂ ਇਸ ਸਬੰਧੀ ਪੜਤਾਲ ਕਰਵਾਈ ਜਾਵੇ ਤੇ ਰਜਿਸਟਰ ਵਿੱਚ ਅੰਦਰਾਜ ਕੀਤਾ ਜਾਵੇ ਅਤੇ ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਜਾਣ।

**27. ਲੋਅਰ ਕੋਰਟ ਕੇਸਾਂ ਸਬੰਧੀ ਰਜਿਸਟਰ :-** ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ।

ਇਸ ਮੱਦ ਅਧੀਨ ਰਜਿਸਟਰ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪੜਤਾਲ ਸਮੇਂ ਦੌਰਾਨ

ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਮਿਤੀ 31-3-2017 ਨੂੰ 71 ਕੇਸ ਬਕਾਇਆ ਸਨ। ਪੜਤਾਲ ਸਮੇਂ ਦੌਰਾਨ ਮਿਤੀ 31-12-2017 ਤੱਕ 23 ਕੇਸ ਨਵੇਂ ਦਾਇਰ ਕੀਤੇ ਗਏ। ਇਸ ਤਰ੍ਹਾਂ ਕੁੱਲ 94 ਕੇਸ ਹਨ, ਜੋ ਕਿ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਹਨ। ਇਸ ਦਫਤਰ ਵੱਲੋ ਦੱਸਿਆ ਗਿਆ ਹੈ ਕਿ ਮਿਤੀ 31-12-2017 ਤੱਕ 6 ਕੇਸਾਂ ਦਾ ਫੈਸਲਾ ਹੋ ਚੁੱਕਿਆ ਹੈ ਅਤੇ ਇਸ ਸਮੇਂ 88 ਕੇਸ ਪੈਂਡਿੰਗ ਹਨ। ਸਬੰਧਤ ਕਰਮਚਾਰੀ ਦੇ ਦੱਸਣ ਅਨੁਸਾਰ 2 ਕੇਸ ਨਗਰ ਕੌਂਸਲ ਦੇ ਖਿਲਾਫ ਅਤੇ 4 ਕੇਸ ਨਗਰ ਕੌਂਸਲ ਦੇ ਹੱਕ ਵਿੱਚ ਹੋਏ ਹਨ। ਜਿਹੜੇ ਕੇਸ ਕੌਂਸਲ ਦੇ ਖਿਲਾਫ ਹੋਏ ਹਨ, ਉਨ੍ਹਾਂ ਕੇਸਾਂ ਦੀ ਸਹੀ ਢੰਗ ਨਾਲ ਪੈਰਵੀ ਯਕੀਨੀ ਬਣਾਉਣ ਲਈ ਹਦਾਇਤ ਕੀਤੀ ਜਾਂਦੀ ਹੈ।

**28. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਕੇਸਾਂ ਸਬੰਧੀ ਰਜਿਸਟਰ :-** ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ।

ਇਸ ਮੱਦ ਅਧੀਨ 4 ਰਜਿਸਟਰ ਲੱਗੇ ਹੋਏ ਹਨ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਮਿਤੀ 31-12-2017

ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਮਿਤੀ 31-3-2017 ਨੂੰ 20 ਕੇਸ ਬਕਾਇਆ ਸਨ । ਮਿਤੀ 31-12-2017 ਤੱਕ 20 ਨਵੇਂ ਕੇਸ ਪ੍ਰਾਪਤ ਹੋਏ। ਇਹਨਾਂ ਵਿਚੋ 2 ਕੇਸਾਂ ਦਾ ਫੈਸਲਾ ਹੋ ਗਿਆ ਹੈ। ਇਸ ਸਮੇਂ CWP-38, COCP- 8 ਕੇਸ ਪੈਂਡਿੰਗ ਹਨ ਅਤੇ 5 ਹੋਰ ਕੇਸ ਐਡਮਿਟਡ ਹੋਏ ਹਨ। ਕਾਰਜ ਸਾਧਕ ਅਫਸਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਦੀ ਪੈਰਵੀ ਨਿੱਜੀ ਤੌਰ ਤੇ ਕੀਤੀ ਜਾਵੇ ਅਤੇ ਸੁਪਰੀਮ ਕੋਰਟ ਵਿੱਚ ਚੱਲਦੇ ਕੇਸਾਂ ਸਬੰਧੀ ਰਜਿਸਟਰ ਅਲੱਗ ਲਗਾਇਆ ਜਾਵੇ।

**29. ਲੋਕਲ ਡਾਕ ਪ੍ਰਾਪਤੀ ਰਜਿਸਟਰ :-**

ਇਹ ਰਜਿਸਟਰ ਮਿਥੇ ਪ੍ਰੋਫਾਰਮੇ ਵਿੱਚ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਮਿਤੀ 1-4-17 ਤੋਂ 31-12-17 ਤੱਕ 1696 ਪੱਤਰ ਪ੍ਰਾਪਤ ਹੋਏ। ਇਨ੍ਹਾਂ ਦਾ ਇੰਦਰਾਜ ਰਜਿਸਟਰ ਵਿੱਚ ਕਰਨ ਉਪਰੰਤ ਸਬੰਧਤ ਕਰਮਚਾਰੀਆਂ ਨੂੰ ਨਿਪਟਾਰੇ ਲਈ ਦਿੱਤੇ ਜਾਂਦੇ ਹਨ, ਸਬੰਧਤ ਕਰਮਚਾਰੀ ਵਲੋਂ ਹਸਤਾਖਰ ਕਰਵਾਏ ਹੋਏ ਹਨ।

**30. ਸਰਕਾਰੀ ਡਾਕ ਪ੍ਰਾਪਤੀ ਰਜਿਸਟਰ :-**

ਇਹ ਰਜਿਸਟਰ ਮਿਥੇ ਪ੍ਰੋਫਾਰਮੇ ਵਿੱਚ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਮਿਤੀ 1-4-2017 ਤੋਂ 31-12-2017 ਤੱਕ 1221 ਪੱਤਰ ਪ੍ਰਾਪਤ ਹੋਏ । ਇਨ੍ਹਾਂ ਦਾ ਇੰਦਰਾਜ ਰਜਿਸਟਰ ਵਿੱਚ ਕਰਨ ਉਪਰੰਤ ਸਬੰਧਤ ਕਰਮਚਾਰੀਆਂ ਨੂੰ ਨਿਪਟਾਰੇ ਲਈ ਦਿੱਤੇ ਜਾਂਦੇ ਹਨ।

**31. ਅੱਧ- ਸਰਕਾਰੀ ਪੱਤਰਾਂ ਸਬੰਧੀ ਰਜਿਸਟਰ :-**

ਇਹ ਰਜਿਸਟਰ ਮਿਥੇ ਪ੍ਰਫਾਰਮੇ ਵਿੱਚ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। 1-4-17 ਤੋਂ 31-12-17 ਤੱਕ 19 ਪੱਤਰ ਪ੍ਰਾਪਤ ਹੋਏ, ਇਨ੍ਹਾਂ ਦਾ ਇੰਦਰਾਜ ਰਜਿਸਟਰ ਵਿੱਚ ਕਰਨ ਉਪਰੰਤ ਸਬੰਧਤ ਕਰਮਚਾਰੀਆਂ ਨੂੰ ਨਿਪਟਾਰੇ ਲਈ ਦਿੱਤੇ ਗਏ ਹਨ।

**32. ਵਿਧਾਨ ਸਭਾ / ਲੋਕ ਸਭਾ ਸਵਾਲਾਂ ਸਬੰਧੀ ਰਜਿਸਟਰ :-**

ਇਸ ਮੱਦ ਸਬੰਧੀ ਕੋਈ ਵੱਖਰਾ ਰਜਿਸਟਰ ਨਹੀਂ ਲੱਗਾ ਹੋਇਆ। ਸਬੰਧਤ ਕਰਮਚਾਰੀ ਵਲੋਂ ਦੱਸਿਆ ਗਿਆ ਕਿ ਫੈਕਸ ਅਤੇ ਲੋਕ ਸਭਾ ਦੇ ਜੋ ਸਵਾਲ ਆਉਂਦੇ ਹਨ, ਉਹਨਾਂ ਦਾ ਇੰਦਰਾਜ ਸਰਕਾਰੀ ਰਜਿਸਟਰ ਵਿੱਚ ਹੀ ਦਰਜ ਕੀਤਾ ਜਾਂਦਾ ਹੈ। ਹਦਾਇਤ ਕੀਤੀ ਜਾਂਦੀ ਹੈ ਕਿ ਅੱਗੇ ਤੋਂ ਫੈਕਸ ਅਤੇ ਵਿਧਾਨ ਸਭਾ ਦੇ ਸਵਾਲ ਨਵਾਂ ਰਜਿਸਟਰ ਲਗਾਉਣ ਉਪਰੰਤ ਉਸ ਵਿੱਚ ਦਰਜ ਕੀਤੇ ਜਾਇਆ ਕਰਨ।

**33. ਲੋਕਲ ਡਾਕ ਰਵਾਨਗੀ ਰਜਿਸਟਰ :-**

ਇਹ ਰਜਿਸਟਰ ਮਿਥੇ ਪ੍ਰਫਾਰਮੇ ਵਿੱਚ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਮਿਤੀ 1-4-2017 ਤੋਂ 31-3-2018 ਤੱਕ 1596 ਪੱਤਰ ਡਿਸਪੈਚ ਕੀਤੇ ਗਏ ਹਨ।

**34. ਸਰਕਾਰੀ ਡਾਕ ਰਵਾਨਗੀ ਰਜਿਸਟਰ :-**

ਇਹ ਰਜਿਸਟਰ ਮਿਥੇ ਪ੍ਰਫਾਰਮੇ ਵਿੱਚ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ। ਮਿਤੀ 1-4-2017 ਤੋਂ 31-3-2018 ਤੱਕ 1266 ਪੱਤਰ ਡਿਸਪੈਚ ਕੀਤੇ ਗਏ ਹਨ।

**35. ਸਟੈਂਪ ਰਜਿਸਟਰ :-**

ਇਹ ਰਜਿਸਟਰ ਮਿਥੇ ਪ੍ਰਫਾਰਮੇ ਵਿੱਚ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ । ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ।

**36. ਦੁਕਾਨਾ ਦੇ ਕਿਰਾਏ ਸਬੰਧੀ :-**

ਇਸ ਮੱਦ ਸਬੰਧੀ ਰਜਿਸਟਰ ਲੱਗਾ ਹੋਇਆ ਹੈ। ਪੰਨੇ ਮਾਰਕ ਕਰਕੇ ਪੰਨਿਆਂ ਸਬੰਧੀ ਸਰਟੀਫਿਕੇਟ ਦਿੱਤਾ ਹੋਇਆ ਹੈ। ਪ੍ਰਧਾਨਗੀ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ । ਰਜਿਸਟਰ ਮੁਤਾਬਿਕ ਕੁੱਲ 69 ਦੁਕਾਨਾਂ ਹਨ। ਪੜਤਾਲ ਸਮੇਂ ਦੋਰਾਨ ਸਬੰਧਤ ਕਰਮਚਾਰੀ ਸ੍ਰੀ ਅਮਰਜੀਤ ਸਿੰਘ ਵੱਲੋਂ ਦੱਸਿਆ ਗਿਆ ਕਿ ਰਜਿਸਟਰ ਅਨੁਸਾਰ 57 ਦੁਕਾਨਾਂ ਕਿਰਾਏ ਤੇ ਦਿੱਤੀਆਂ ਹੋਈਆਂ ਹਨ ਅਤੇ 12 ਦੁਕਾਨਾਂ ਬੰਦ ਪਈਆਂ ਹਨ। ਜੋ ਦੁਕਾਨਾਂ ਕਿਰਾਏ ਤੇ ਹਨ, ਉਹਨਾਂ ਦਾ ਰੈਂਟ ਸਹੀ ਤਰੀਕੇ ਨਾਲ ਆ ਰਿਹਾ ਹੈ। ਇਹਨਾਂ ਦੁਕਾਨਾਂ ਦਾ ਕਿਰਾਇਆ ਪੜਤਾਲ ਸਮੇਂ ਦੌਰਾਨ ਕੁੱਲ ਮੁਬਲਗ 4,21,992/- ਰੁਪਏ ਸੀ,ਜਿਸ ਵਿੱਚੋਂ ਮਿਤੀ 31-12-17 ਤੱਕ ਮੁਬਲਗ 1,48,872/- ਰੁਪਏ ਪ੍ਰਾਪਤ ਹੋ ਚੁੱਕਾ ਹੈ, ਉਹਨਾਂ ਦਾ ਇੰਦਰਾਜ ਰਸੀਦ ਨੰਬਰ ਅਤੇ ਮਿਤੀ ਰਜਿਸਟਰ ਵਿੱਚ ਦਰਜ ਕੀਤਾ ਹੋਇਆ ਹੈ। ਹਦਾਇਤ ਕੀਤੀ ਗਈ ਕਿ ਦੁਕਾਨਾਂ ਅਤੇ ਰੇਹੜੀਆਂ ਦਾ ਕਿਰਾਇਆ ਰਵਿਊ ਕੀਤਾ ਜਾਵੇ ਤੇ ਇਨ੍ਹਾਂ ਦੇ ਲਾਇਸੰਸ ਜਾਰੀ ਕੀਤੇ ਜਾਣ ਅਤੇ ਇਸ ਸਬੰਧੀ ਸਾਰਾ ਰਿਕਾਰਡ ਕੰਪਿਊਟਰਾਈਜ ਕੀਤਾ ਜਾਵੇ।

**37. ਸਟਰੀਟ ਲਾਈਟ :-**

ਇਸ ਮੱਦ ਅਧੀਨ ਰਜਿਸਟਰ ਲੱਗਿਆ ਹੋਇਆ ਹੈ। ਇਨ੍ਹਾਂ ਦੇ ਪੰਨੇ ਮਾਰਕ ਕਰਕੇ ਸਰਟੀਫਿਕੇਟ ਦੇਣ ਉਪਰੰਤ ਕਾਰਜ ਸਾਧਕ ਅਫ਼ਸਰ ਵਲੋਂ ਹਸਤਾਖਰ ਕਰਵਾਏ ਹੋਏ ਹਨ । ਇਸ ਨਗਰ ਕੌਂਸਲ ਦੀ ਹੱਦੂਦ ਅੰਦਰ ਕੁੱਲ 9257 ਸਟਰੀਟ ਲਾਈਟ ਦੇ ਪੁਆਇੰਟ ਹਨ । ਜਿਨ੍ਹਾ ਵਿੱਚੋਂ 70 ਵਾਲਟ ਵੈਪਰ ਲੈਂਪ 7334 ਪੁਆਇੰਟ, 40 ਵਾਲਟ ਟਿਊਬ ਫਿਟਿੰਗ 41 ਪੁਆਇੰਟ ਅਤੇ 150 ਵਾਲਟ ਦੇ 1037 ਪੁਆਇੰਟ ਲੱਗੇ ਹੋਏ ਹਨ। ਜਿਨ੍ਹਾਂ ਵਿੱਚ 400 ਵਾਲਟ ਹਾਈਮਾਸਟ ਦੇ 240 ਪੁਆਇੰਟ ਹਨ ਅਤੇ 100 ਵਾਲਟ ਐਲ.ਈ.ਡੀ. 40 ਅਤੇ 25 ਵਾਟ ਐਲ.ਈ.ਡੀ. 260 ਹਨ ਅਤੇ 27 ਵਾਟ ਸੀ.ਐਫ.ਐਲ. 305 ਹਨ। ਸਬੰਧਤ ਕਰਮਚਾਰੀ ਵਲੋਂ ਦੱਸਿਆ ਗਿਆ ਕਿ ਇਨ੍ਹਾਂ ਵਿਚੋਂ ਖਰਾਬ ਪੁਆਇੰਟਾਂ ਦੀ ਸ਼ਿਕਾਇਤ ਮਿਲਣ ਤੇ ਇਨ੍ਹਾਂ ਨੂੰ ਹਰ ਰੋਜ ਠੀਕ ਕੀਤਾ ਜਾਂਦਾ ਹੈ। ਹਦਾਇਤ ਕੀਤੀ ਗਈ ਕਿ ਖਰਾਬ ਪੁਆਇੰਟ ਦੀ ਰਿਪੇਅਰ ਦੀ ਐਂਟਰੀ ਕੀਤੀ ਜਾਵੇ।

**38. ਐਮ. ਬੀ. :-**

ਨਗਰ ਕੌਂਸਲ ਖਰੜ ਵਿਖੇ ਇਸ ਸਮੇਂ ਐਮ.ਬੀ. ਨੰ. 183 ਤੋਂ 188 ਚੱਲਦੀਆਂ ਹਨ , ਜੋ ਕਿ ਵੇਖੀਆਂ ਗਈਆਂ ਹਨ, ਇਹਨਾਂ ਤੇ ਪੰਨੇ ਮਾਰਕ ਕਰਕੇ ਸਰਟੀਫਿਕੇਟ ਦਿੱਤਾ ਹੋਇਆ ਹੈ ਅਤੇ ਸਬੰਧਤ ਅਧਿਕਾਰੀ ਵਲੋਂ ਹਸਤਾਖਰ ਕਰਵਾਏ ਗਏ ਹਨ। ਪੜਤਾਲ ਸਮੇਂ ਪਾਇਆ ਗਿਆ ਕਿ ਪੇਮੈਂਟ ਕਰਨ ਸਮੇਂ ਭਾਗ ਅਫਸਰ ਦੇ ਹਸਤਾਖਰ ਕਰਨ ਤੋਂ ਬਾਅਦ ਸਹਾਇਕ ਮਿਊਂਸਪਲ ਇੰਜੀਨੀਅਰ ਦੇ ਹਸਤਾਖਰ ਕੀਤੇ ਹੋਏ ਹਨ।

**39. ਵਿਕਾਸ ਦੇ ਕੰਮ :-**

ਇਸ ਮੱਦ ਅਧੀਨ ਸਾਲ 2017-18 ਵਿੱਚ ਮੁਬਲਿਗ 4958.50 ਲੱਖ ਦਾ ਟੀਚਾ ਰੱਖਿਆ ਗਿਆ ਸੀ। ਮਿਤੀ 31-12-17 ਤੱਕ 2602.80 ਲੱਖ ਦਾ ਟੀਚਾ ਪੂਰਾ ਕਰ ਲਿਆ ਗਿਆ ਹੈ।

**40. ਸਟਰੀਟ ਲਾਈਟਾਂ ਸਬੰਧੀ ਸਟਾਕ ਰਜਿਸਟਰ:-**

ਇਸ ਮੱਦ ਅਧੀਨ ਰਜਿਸਟਰ ਲੱਗਾ ਹੋਇਆ ਹੈ । ਇਸ ਰਜਿਸਟਰ ਦੇ ਪੰਨੇ ਮਾਰਕ ਕਰਕੇ ਪੰਨਿਆ ਸਬੰਧੀ ਸਰਟੀਫਿਕੇਟ ਦੇ ਕੇ ਪ੍ਰਧਾਨਗੀ ਅਫਸਰ ਤੋਂ ਹਸਤਾਖਰ ਕਰਵਾਏ ਹੋਏ ਹਨ। ਇਸ ਰਜਿਸਟਰ ਵਿੱਚ ਇੰਨਡੈਕਸ ਤਿਆਰ ਕੀਤਾ ਹੋਇਆ ਹੈ । ਰਜਿਸਟਰ ਵਾਚਣ ਤੋਂ ਪਤਾ ਲੱਗਿਆ ਕਿ ਜੂਨੀਅਰ ਇੰਜੀਨੀਅਰ ਵੱਲੋਂ ਸਲਾਨਾ ਭੌਤਿਕ ਪੜਤਾਲ ਕੀਤੀ ਗਈ।

**41. ਆਰ.ਟੀ.ਆਈ. ਐਕਟ ਸਬੰਧੀ ਰਸੀਟ ਰਜਿਸਟਰ:-**

ਆਰ.ਟੀ.ਆਈ. ਦਾ ਰਸੀਟ ਰਜਿਸਟਰ ਲਗਾਇਆ ਹੋਇਆ ਹੈ। ਇਸਦੇ ਪੰਨਿਆਂ ਦੀ ਤਸਦੀਕ ਕਰਕੇ ਕਾਰਜ ਸਾਧਕ ਅਫਸਰ ਦੇ ਹਸਤਾਖਰ ਵੀ ਕਰਵਾਏ ਹੋਏ ਹਨ। ਆਰ.ਟੀ.ਆਈ. ਐਕਟ ਰਜਿਸਟਰ ਵਿੱਚ ਮਿਤੀ 1-4-2017 ਤੋਂ 31-12-2017 ਤੱਕ 345 ਦਰਖਾਸਤਾਂ ਪ੍ਰਾਪਤ ਹੋਈਆਂ ਹਨ।

**42. ਆਰ.ਟੀ.ਆਈ. ਐਕਟ ਸਬੰਧੀ ਡਿਸਪੈਚ ਰਜਿਸਟਰ:-**

ਆਰ.ਟੀ.ਆਈ. ਦਾ ਡਿਸਪੈਚ ਰਜਿਸਟਰ ਲਗਾਇਆ ਹੋਇਆ ਹੈ। ਇਸਦੇ ਪੰਨਿਆਂ ਦੀ ਤਸਦੀਕ ਕਰਕੇ ਕਾਰਜ ਸਾਧਕ ਅਫਸਰ ਦੇ ਹਸਤਾਖਰ ਵੀ ਕਰਵਾਏ ਹੋਏ ਹਨ। ਆਰ.ਟੀ.ਆਈ. ਐਕਟ ਰਜਿਸਟਰ ਵਿੱਚ ਮਿਤੀ 1-4-2017 ਤੋਂ 31-12-2017 ਤੱਕ 218 ਦਰਖਾਸਤਾਂ ਡਿਸਪੈਚ ਕੀਤੀਆਂ ਗਈਆਂ ਹਨ।